# <u>ਪ੍ਰੈਸ ਨੋਟ</u>

## <u>ਅੰਨੇ ਕਤਲ ਕੇਸ ਦੀ ਗੁੱਥੀ ਸੁਲਝਾਈ</u>

ਸ੍ਰੀ ਨਵਨੀਤ ਸਿੰਘ ਬੈਂਸ ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਲੁਧਿ(ਦਿਹਾਤੀ) ਦੀ ਯੋਗ ਰਹਿਨੁਮਾਈ ਹੇਠ ਸ੍ਰੀ ਮਨਵਿੰਦਰ ਬੀਰ ਸਿੰਘ ਪੀ.ਪੀ.ਐਸ, ਪੁਲਿਸ ਕਪਤਾਨ (ਸ) ਲੁਧਿ(ਦਿਹਾਤੀ) ਅਤੇ ਸ੍ਰੀ ਸਤਵਿੰਦਰ ਸਿੰਘ ਵਿਰਕ ਪੀ.ਪੀ.ਐਸ, ਉਪ ਕਪਤਾਨ ਪੁਲਿਸ ਜਗਰਾਉ ਦੇ ਦਿਸਾਂ ਨਿਰਦੇਸਾਂ ਤਹਿਤ INSP ਜਗਜੀਤ ਸਿੰਘ ਮੁੱਖ ਅਫਸਰ ਥਾਣਾ ਸਿਟੀ ਜਗਰਾਉ ਦੀ ਟੀਮ ਨੇ ਥਾਣਾ ਸਿਟੀ ਜਗਰਾਉ ਦੇ ਏਰੀਏ ਵਿੱਚ ਹੋਏ ਅੰਨੇ ਕਤਲ ਦੀ ਗੁੱਥੀ ਸੁਲਝਾਉਦੇ ਹੋਏ ਮੁੱਕਦਮਾ ਨੰਬਰ 154 ਮਿਤੀ 29.07.2023 ਜੁਰਮ 302,201,148,149 ਭ/ਦ ਥਾਣਾ ਸਿਟੀ ਜਗਰਾਉ ਵਿਚ **07 ਕਾਤਲਾਂ ਨੂੰ ਗ੍ਰਿਫਤਾਰ** ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਮਿਤੀ 27.07.2023 ਨੂੰ ਕੋਠੇ ਖੰਜੂਰਾ ਨੇੜੇ ਸੇਮ ਨਾਲਾ ਨਾਲ ਲਗਦੀ ਪਹੀ ਤੋ ਇੱਕ ਨੌਜਵਾਨ ਦੀ ਲਾਸ਼ ਜਿਸਦਾ ਹੁਲੀਆ ਉਮਰ ਕਰੀਬ 25/30 ਸਾਲ, ਰੰਗ ਸਾਂਵਲਾ, ਦਾਹੜੀ ਕੇਸ ਕੱਟੇ ਹੋਏ, ਲਾਲ ਰੰਗ ਦੀ ਟੀ ਸ਼ਰਟ ਅਤੇ ਕਾਲੇ ਰੰਗ ਦੀ ਨਿੱਕਰ ਪਹਿਨੀ ਹੋਈ ਮਿਲੀ ਸੀ, ਜਿਸਦੀ ਲਾਸ਼ ਸਾਨਖਤ ਲਈ ਮੌਰਚਰੀ ਵਿੱਚ ਰਖਵਾ ਕੇ ਰਪਟ ਨੰਬਰ 45 ਮਿਤੀ 27.07.2023 ਦਰਜ ਰੋਜਨਮਚਾ ਕੀਤੀ ਗਈ ਸੀ ਅਤੇ ਇਸ਼ਤਿਹਾਰ ਸੋਰੋਗੋਗਾ ਜਾਰੀ ਕਰਕੇ ਸ਼ੋਸਲ ਮੀਡੀਆ ਰਾਹੀ ਪਬਲਿਕ ਵਿੱਚ ਮ੍ਰਿਤਕ ਬਾਰੇ ਕੋਈ ਜਾਣਕਾਰੀ ਹੋਣ ਸਬੰਧੀ ਭੇਜਿਆ ਗਿਆ ਸੀ। ਲਾਸ਼ ਮਿਲਣ ਵਾਲੀ ਜਗ੍ਹਾਂ ਦੇ ਆਸ ਪਾਸ ਟੈਕਨੀਕਲ ਤਰੀਕੇ ਨਾਲ ਜਾਂਚ ਕੀਤੀ ਗਈ ਅਤੇ ਐਕਟਿਵਾ ਪਰ ਆਉਣ ਵਾਲੇ ਵਿਅਕਤੀਆ ਦੀਆ ਤਸਵੀਰਾਂ ਹਾਸਲ ਕਰਕੇ ਸ਼ਹਿਰ ਵਿੱਚ ਭਾਲ ਕੀਤੀ ਗਈ। **ਇਸੇ ਦੌਰਾਨ ਮਿਤੀ 29.07.2023 ਨੂੰ ਰਾਮ ਨਾਥ ਯਾਦਵ ਪੁਤਰ ਬੁਲੇਸਵਰ ਯਾਦਵ ਪੁਤਰ ਪੁਲਕਿਤ ਯਾਦਵ ਵਾਸੀ ਇਟਹਰਵਾ, ਥਾਣਾ ਬਹਿਰਾ, ਜਿਲਾ ਦਰਬੰਗਾ, ਬਿਹਾਰ ਹਾਲ ਵਾਸੀ ਨੇੜੇ ਮੈਦੀਆਣਾ ਸਾਹਿਬ ਵਾਲਾ ਗੇਟ ਪਿੰਡ ਮੱਲ੍ਹਾ** ਨੇ ਬਿਆਨ ਦਰਜ ਕਰਵਾਇਆ ਕਿ ਮੇਰਾ ਇੱਕ ਪਲਾਟ ਗੁਰੂ ਤੇਗ ਬਹਾਦਰ ਮਹੱਲਾ ਜਗਰਾਉਂ ਵਿੱਚ ਹੈ, ਇਸ ਪਲਾਟ ਵਿੱਚ ਛੋਟੇ ਛੋਟੇ ਕਮਰੇ ਬਣਾ ਕੇ, ਮੈਂ ਪ੍ਰਵਾਸੀ ਮਜਦੂਰਾਂ **01.** ਵਰਿੰਦਰ ਕੁਮਾਰ ਯਾਦਵ ਪੁਤਰ ਚੰਦਰ ਸੇਖਰ ਵਾਸੀ ਪਿੰਡ ਕਲਮਪੁਰਾ ਤਹਿਸੀਲ ਤੇ ਜਿਲਾ ਦਰਬੰਗਾ, ਬਿਹਾਰ, **2.** ਰਾਹੁਲ ਪੁਤਰ ਅਨੁਰਾਮ ਵਾਸੀ ਪਿੰਡ ਮਕਾਵਾਂ, ਜਿਲਾ ਪਟਨਾ, **3.** ਸਾਜਨ ਕੁਮਾਰ ਪੁਤਰ ਵਿਜੈ ਪਾਸਵਾਨ ਵਾਸੀ ਸੁਭਅੰਕਤਪੁਰਾ, ਤਿਕੋਲੀ, ਥਾਣਾ ਤਿਸੀਓਤਾ, ਜਿਲਾ ਬੈਸਾਲੀ, ਬਿਹਾਰ, **4.** ਇੱਕ ਨਾ-ਬਾਲਗ ਦੋਸ਼ੀ **5.** ਰਣਜੀਤ ਸਿੰਘ ਪੁਤਰ ਮਧਰੂ ਪ੍ਰਸਾਦ ਵਾਸੀ ਜਮਧਾਰਾ, ਜਿਲਾ ਹਰਦੋਈ, ਉੱਤਰ ਪ੍ਰਦੇਸ, **6.** ਪੱਪੂ ਕੁਮਾਰ ਪੁਤਰ ਚੰਦਰ ਦੇਵ ਰਾਜ ਪਿੰਡ ਮਕੰਦਪੁਰਾ, ਜਿਲਾ ਬਿਸ਼ੈਲੀ, ਬਿਹਾਰ, **7.** ਰੌਸਨ ਕੁਮਾਰ ਪੁਤਰ ਵਰਿੰਦਰ ਕੁਮਾਰ ਯਾਦਵ ਪੁਤਰ ਚੰਦਰ ਸੇਖਰ ਵਾਸੀ ਪਿੰਡ ਕਲਮਪੁਰਾ ਤਹਿਸੀਲ ਤੇ ਜਿਲਾ ਦਰਬੰਗਾ, ਬਿਹਾਰ, **8.** ਅਨਿਲ ਅਤੇ **9.** ਰਣਜੀਤ ਵਾਸੀਆਨ ਬਿਹਾਰ ਅਤੇ ਹੋਰਾਂ ਨੂੰ ਕਿਰਾਏ ਪਰ ਦਿੱਤੇ ਹੋਏ ਹਨ।ਮਿਤੀ 27-07-2023 ਨੂੰ ਵਕਤ ਕਰੀਬ 3.30 ਵਜੇ ਰਾਤ ਨੂੰ ਮੇਰੇ ਮੋਬਾਇਲ ਫੋਨ ਨੰਬਰ 96467-74503 ਪਰ ਰਾਹੁਲ ਉਕਤ ਨੇ ਆਪਣੇ ਮੋਬਾਇਲ ਫੋਨ ਨੰਬਰ 62844-21260 ਤੋਂ ਕਾਲ ਕਰਕੇ ਦੱਸਿਆ ਕਿ ਮੇਰੇ ਪਲਾਟ ਦੇ ਕਮਰਿਆਂ ਵਿੱਚ ਚੋਰ ਆ ਗਿਆ ਹੈ।ਜਿਸਤੇ ਮੈਂ ਆਪਣੇ ਮੋਟਰ ਸਾਇਕਲ ਪਰ ਆਪਣੇ ਪਲਾਟ ਵਿੱਚ ਬਣੇ ਕਮਰਿਆਂ ਵਿੱਚ ਗਿਆ ਤਾਂ ਦੇਖਿਆ ਕਿ ਵਰਿੰਦਰ ਕੁਮਾਰ ਯਾਦਵ, ਰਾਹੁਲ, ਸੰਜੀਤ ਸਿੰਘ, ਰਣਜੀਤ ਸਿੰਘ, ਪੱਪੂ ਕੁਮਾਰ, ਰੌਸਨ ਕੁਮਾਰ, ਅਨਿਲ ਅਤੇ ਰਣਜੀਤ ਸਿੰਘ ਵਗੈਰਾ ਇਹ ਸਾਰੇ ਇੱਕ ਨੌਜਵਾਨ ਦੀ ਡਾਂਗਾ ਸੋਟਿਆਂ ਨਾਲ ਕੁੱਟ ਮਾਰ ਕਰ ਰਹੇ ਸਨ।ਜੋ ਮਾਰਤਾ ਮਾਰਤਾ ਦਾ ਰੌਲਾ ਪਾ ਰਿਹਾ ਸੀ।ਉਸ ਨੌਜਵਾਨ ਦੇ ਲਾਲ ਰੰਗ ਦੀ ਟੀ-ਸਰਟ ਅਤੇ ਕਾਲੇ ਰੰਗ ਦੀ ਪ੍ਰਿੰਟਡ ਨਿੱਕਰ ਪਹਿਨੀ ਹੋਈ ਸੀ।ਮੈਂ

ਇਹਨਾਂ ਤੋਂ ਉਸ ਨੌਜਵਾਨ ਨੂੰ ਕੁੱਟਣੋ ਹਟਾ ਕੇ, ਇਹਨਾਂ ਨੂੰ ਥਾਣਾ ਸਿਟੀ ਜਾ ਕੇ ਇਸ ਸਬੰਧੀ ਰਿਪੋਰਟ ਲਿਖਾਉਣ ਲਈ ਕਿਹਾ ਸੀ ਅਤੇ ਫਿਰ ਮੈਂ ਆਪਣੇ ਘਰ ਚਲਾ ਗਿਆ ਸੀ। **ਅੱਜ ਮਿਤੀ 29.07.2023 ਨੂੰ ਮੈਂਨੂੰ ਵਟਸਐਪ ਪਰ ਚੱਲ ਰਹੇ ਮੈਸਿਜ ਅਤੇ ਇੱਕ ਨੌਜਵਾਨ ਦੀ ਲਾਸ਼ ਦੀ ਫੋਟੋ ਦੇਖਣ ਤੋਂ ਪਤਾ ਲੱਗਾ ਕਿ ਪੁਲਿਸ ਨੂੰ ਇੱਕ ਨੌਜਵਾਨ ਦੀ ਲਾਸ ਮਿਲੀ ਹੈ,** ਇਹ ਉਸ ਨੌਜਵਾਨ ਦੀ ਲਾਸ ਹੈ ਜਿਸ ਨੂੰ ਵਰਿੰਦਰ ਕੁਮਾਰ ਯਾਦਵ, ਰਾਹੁਲ, ਸੰਜੀਤ ਸਿੰਘ, ਰਣਜੀਤ ਸਿੰਘ, ਪੱਪੂ ਕੁਮਾਰ, ਰੌਸਨ ਕੁਮਾਰ, ਅਨਿਲ ਅਤੇ ਰਣਜੀਤ ਸਿੰਘ ਵਗੈਰਾ ਇਹ ਸਾਰੇ ਇੱਕ ਨੌਜਵਾਨ ਦੀ ਡਾਂਗਾ ਸੋਟਿਆਂ ਨਾਲ ਕੁੱਟ ਮਾਰ ਕਰ ਰਹੇ ਸਨ। ਇਸ ਸਬੰਧੀ ਮੈਂ ਇਹਨਾ ਪਾਸੋ ਪੁੱਛ ਪੜਤਾਲ ਕੀਤੀ ਤਾਂ ਇਹਨਾਂ ਨੇ ਦੱਸਿਆ ਕਿ ਉਸ ਨੌਜਵਾਨ ਦੀ ਸਾਡੇ ਤੋਂ ਕੁੱਟਮਾਰ ਕਰਦਿਆਂ ਮੌਤ ਹੋ ਗਈ ਸੀ, ਅਸੀਂ ਡਰਦੇ ਮਾਰੇ ਪੁਲਿਸ ਥਾਣੇ ਨਹੀਂ ਗਏ। ਉਸ ਦੀ ਲਾਸ ਨੂੰ ਲੋਈ ਵਿੱਚ ਲਪੇਟ ਕੇ ਸਕੂਟਰੀ ਐਕਟਿਵਾ ਪਰ ਲੱਦ ਕੇ ਕੋਠੇ ਖੰਜੂਰਾਂ ਰੋਡ ਜਗਰਾਉਂ ਸੇਮ ਦੇ ਪੁੱਲ ਕੋਲੋਂ ਖੇਤਾਂ ਨੂੰ ਜਾਂਦੇ ਕੱਚੇ ਰਸਤੇ ਪਰ ਖੇਤੀ ਦੇ ਸੰਦ ਬਣਾਉਣ ਵਾਲੀ ਫੈਕਟਰੀ ਦੇ ਪਿੱਛੇ ਸੁੱਟ ਆਏ ਸੀ। ਦੌਰਾਨੇ ਤਫਤੀਸ ਹੇਠ ਲਿਖੇ ਦੋਸੀਆਨ ਨੂੰ ਮਿਤੀ 29.07.2023 ਨੂੰ ਗ੍ਰਿਫਤਾਰ ਕੀਤਾ ਗਿਆ ਹੈ।

**ਗ੍ਰਿਫਤਾਰ ਦੋਸ਼ੀ**

1. ਵਰਿੰਦਰ ਕੁਮਾਰ ਯਾਦਵ ਪੁਤਰ ਚੰਦਰ ਸੇਖਰ ਵਾਸੀ ਪਿੰਡ ਕਲਮਪੁਰਾ ਤਹਿਸੀਲ ਤੇ ਜਿਲਾ ਦਰਬੰਗਾ, ਬਿਹਾਰ।
2. ਸਾਜਨ ਕੁਮਾਰ ਪੁਤਰ ਵਿਜੈ ਪਾਸਵਾਨ ਵਾਸੀ ਸੁਭਅੰਕਤਪੁਰਾ, ਤਿਕੋਲੀ, ਥਾਣਾ ਤਿਸੀਓਤਾ, ਜਿਲਾ ਬੈਸਾਲੀ, ਬਿਹਾਰ।
3. ਰਣਜੀਤ ਸਕਸੈਨਾ ਪੁਤਰ ਮਧਰੂ ਪ੍ਰਸਾਦ ਵਾਸੀ ਜਮਧਾਰਾ, ਜਿਲਾ ਹਰਦੋਈ, ਉੱਤਰ ਪ੍ਰਦੇਸ, ਪੱਪੂ ਕੁਮਾਰ ਪੁਤਰ ਚੰਦਰ ਦੇਵ ਰਾਜ ਪਿੰਡ ਮਕੰਦਪੁਰਾ, ਜਿਲਾ ਬਿਸ਼ੈਲੀ, ਬਿਹਾਰ।
4. ਪੱਪੂ ਕੁਮਾਰ ਪੁੱਤਰ ਚੰਦਰ ਦੇਵ ਰਾਜ ਵਾਸੀ ਪਿੰਡ ਮਕੁੰਦਪੁਰਾ, ਜਿਲ੍ਹਾ ਬੈਸ਼ਾਲੀ, ਬਿਹਾਰ।
5. ਰੌਸਨ ਕੁਮਾਰ ਪੁਤਰ ਵਰਿੰਦਰ ਕੁਮਾਰ ਯਾਦਵ ਪੁਤਰ ਚੰਦਰ ਸੇਖਰ ਵਾਸੀ ਪਿੰਡ ਕਲਮਪੁਰਾ ਤਹਿਸੀਲ ਤੇ ਜਿਲਾ ਦਰਬੰਗਾ, ਬਿਹਾਰ।
6. ਰਾਹੁਲ ਪੁਤਰ ਅਨੁਰਾਮ ਵਾਸੀ ਪਿੰਡ ਮਕਾਵਾਂ, ਜਿਲਾ ਪਟਨਾ, ਸੰਜੀਤ ਸਿੰਘ ਪੁਤਰ ਮਧਰੂ ਪ੍ਰਸਾਦ ਵਾਸੀ ਸੰਦੀਲਾ, ਜਿਲਾ ਹਰਦਾਏ, ਉੱਤਰ ਪ੍ਰਦੇਸ।
7. ਇੱਕ ਨਾ-ਬਾਲਗ ਦੋਸ਼ੀ।

ਗ੍ਰਿਫਤਾਰ ਦੋਸ਼ੀਆਨ ਦਾ ਮਾਨਯੋਗ ਅਦਾਲਤ ਪਾਸੋ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ ਜਿੰਨਾ ਪਾਸੋ ਪੁੱਛਗਿਛ ਕੀਤੀ ਜਾ ਰਹੀ ਹੈ ਅਤੇ ਬਾਕੀ ਰਹਿੰਦੇ 02 ਦੋਸ਼ੀ ਅਨਿਲ ਅਤੇ ਰਣਜੀਤ ਨੂੰ ਵੀ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ।

///////